# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.)ਬਠਿੰਡਾ

ਕਮਰਾ ਨੰਬਰ 458, ਐੱਮ.ਆਈ.ਐੱਸ. ਵਿੰਗ ਤੀਜੀ ਮੰਜ਼ਿਲ,
ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ,ਬਠਿੰਡਾ।
ਫੋਨ ਨੰਬਰ:0164-2970099,ਈ-ਮੇਲ: misbathinda@punjabeducation.gov.in

**ਅਤਿ ਜ਼ਰੂਰੀ/ਸਮਾਂ ਬੱਧ**

ਵੱਲ:

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ਼,
ਸਰਕਾਰੀ ਪ੍ਰਾਇਮਰੀ/ਸੀ.ਸੈ./ਹਾਈ/ਮਿਡਲ ਸਕੂਲ,
ਜ਼ਿਲ੍ਹਾ ਬਠਿੰਡਾ।

ਪੱਤਰ ਨੰ: ਸਸਅ/2024-25/ 2024292904

ਮਿਤੀ : 14-11-2024

**ਵਿਸ਼ਾ:-** **ਈ-ਪੰਜਾਬ ਵੈਬ ਪੋਰਟਲ ਉੱਤੇ ਸਕੂਲ ਦੀ ਮੁਕੰਮਲ ਜਾਣਕਾਰੀ ਅਪਡੇਟ ਕਰਨ ਉਪਰੰਤ ਈ-ਸਰਟੀਫਿਕੇਟ ਜਨਰੇਟ ਕਰਨ ਸਬੰਧੀ ਯਾਦ ਪੱਤਰ।**

**ਹਵਾਲਾ:-** **ਮੁੱਖ ਦਫ਼ਤਰ ਅਤੇ ਇਸ ਦਫ਼ਤਰ ਵੱਲੋਂ ਜਾਰੀ ਕੀਤੇ ਵੱਖ-ਵੱਖ ਪੱਤਰਾਂ ਦੇ ਹਵਾਲੇ ਸਬੰਧੀ।**

ਉਪਰੋਕਤ ਵਿਸ਼ਾ ਅੰਕਿਤ ਅਤੇ ਹਵਾਲੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਅਜੀਤਗੜ੍ਹ ਜੀ ਦੇ ਹੁਕਮਾਂ ਅਨੁਸਾਰ ਸਮੂਹ ਸਰਕਾਰੀ ਸਕੂਲਾਂ ਵੱਲੋਂ ਆਪਣੇ ਸਕੂਲ ਸਬੰਧੀ ਜਾਣਕਾਰੀ (ਜਿਵੇ ਕਿ ਵਿਦਿਆਰਥੀ/ਸਟਾਫ/ਬੁਨਿਆਦੀ ਢਾਂਚਾ ਆਦਿ) ਸਿੱਖਿਆ ਵਿਭਾਗ ਦੇ ਵੈਬ ਪੋਰਟਲ ਈ-ਪੰਜਾਬ ਉੱਤੇ ਅਪਡੇਟ ਕਰਨਾ ਲਾਜਮੀ ਹੈ। ਇਸ ਤੋਂ ਇਲਾਵਾ ਸਮੂਹ ਸਰਕਾਰੀ ਸਕੂਲ ਮੁਖੀਆਂ ਵੱਲੋਂ ਈ-ਪੰਜਾਬ ਪੋਰਟਲ ਉੱਤੇ ਹਰੇਕ ਮਹੀਨੇ ਦੀ 10 ਤਾਰੀਖ ਤੋਂ ਪਹਿਲਾਂ-ਪਹਿਲਾਂ ਆਪਣੇ ਸਕੂਲ ਦੀ ਮੁਕੰਮਲ ਜਾਣਕਾਰੀ ਅਪਡੇਟ ਕਰਨ ਉਪਰੰਤ ਇਕ ਈ-ਸਰਟੀਫਿਕੇਟ ਵੀ ਜਾਰੀ ਕੀਤਾ ਜਾਂਦਾ ਹੈ। ਪ੍ਰੰਤੂ ਅੱਜ ਮਿਤੀ 14-11-2024 ਦੀ ਨਾਲ ਨੱਥੀ ਰਿਪੋਰਟ ਅਨੁਸਾਰ ਅਜੇ ਵੀ **35** ਸਰਕਾਰੀ ਸੀ.ਸੈ./ਹਾਈ/ਮਿਡਲ ਸਕੂਲ ਮੁਖੀਆਂ ਵੱਲੋਂ ਅਤੇ **56** ਪ੍ਰਾਇਮਰੀ ਸਕੂਲ ਮੁਖੀਆਂ ਵਲੋਂ ਆਪਣੇ ਸਕੂਲ ਦਾ ਈ-ਸਰਟੀਫਿਕੇਟ ਜਨਰੇਟ ਨਹੀਂ ਕੀਤਾ ਗਿਆ।

ਉਪਰੋਕਤ ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ਼ ਨੂੰ ਇਸ ਸਬੰਧੀ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਦਾ ਈ-ਸਰਟੀਫਿਕੇਟ ਅੱਜ ਹੀ ਜਨਰੇਟ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਸਬੰਧੀ ਕਿਸੇ ਕਿਸਮ ਦੀ ਅਣਗਹਿਲੀ/ਕੁਤਾਹੀ ਦੀ ਸਾਰੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਨਿੱਜੀ ਹੋਵੇਗੀ।

**ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)**
**ਬਠਿੰਡਾ।**

**ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)**
**ਬਠਿੰਡਾ।**

ਉਤਾਰਾ:

ਮਿਤੀ : 14-11-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਾਨਯੋਗ ਡੀ.ਜੀ.ਐਸ.ਈ. ਪੰਜਾਬ, ਅਜੀਤਗੜ੍ਹ।
2. ਡਿਪਟੀ ਮੈਨੇਜ਼ਰ (ਐੱਮ.ਆਈ.ਐੱਸ.), ਪੰਜਾਬ, ਅਜੀਤਗੜ੍ਹ।
3. ਸਮੂਹ ਬਲਾਕ ਐੱਮ.ਆਈ.ਐੱਸ. ਕੋਆਰਡੀਨੇਟਰਜ਼, ਜ਼ਿਲ੍ਹਾ ਬਠਿੰਡਾ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਪੱਧਰ ਉੱਤੇ ਸਮੂਹ ਸਕੂਲ ਮੁੱਖੀਆਂ ਨੂੰ ਜੇਕਰ ਕੋਈ ਤਕਨੀਕੀ ਸਮੱਸਿਆ ਆਉਂਦੀ ਹੈ ਤਾਂ ਉਸ ਸਬੰਧੀ ਸਬੰਧਤ ਸਟਾਫ ਨੂੰ ਲੋੜੀਂਦੀ ਜਾਣਕਾਰੀ ਮੁਹੱਇਆ ਕਰਵਾਈ ਜਾਵੇ।

ਸਹੀ/-

**ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)**
**ਬਠਿੰਡਾ।**

ਸਹੀ/-

**ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)**
**ਬਠਿੰਡਾ।**